# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

# 13:10

**ਮਿਤੀ : 09-11-2025**

ਉੱਤਰਾਖੰਡ ਆਪਣੀ ਸਥਾਪਨਾ ਦੀ 25ਵੀਂ ਵਰ੍ਹੇਗੰਢ ਮਨਾ ਰਿਹਾ ਏ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਉੱਤਰਾਖੰਡ ਦੇ ਲੋਕਾਂ ਨੂੰ ਸੂਬੇ ਦੀ 25ਵੀਂ ਵਰ੍ਹੇਗੰਢ ਮੌਕੇ ਵਧਾਈਆਂ ਤੇ ਸ਼ੁੱਭਕਾਮਨਾਵਾਂ ਦਿੱਤੀਆਂ ਨੇ। ਇਕ ਸੋਸ਼ਲ ਮੀਡੀਆ ਪੋਸਟ ਵਿਚ ਰਾਸ਼ਟਰਪਤੀ ਮੁਰਮੂ ਨੇ ਕਿਹਾ ਏ ਕਿ ਉੱਤਰਾਖੰਡ ਨੇ ਦੇਸ਼ ਦੀ ਸ਼ਾਨਦਾਰ ਅਧਿਆਤਮਕ ਤੇ ਸੱਭਿਆਚਾਰਕ ਯਾਤਰਾ ਵਿਚ ਵਿਲੱਖਣ ਯੋਗਦਾਨ ਪਾਇਆ ਏ। ਉਨ੍ਹਾਂ ਕਿਹਾ ਕਿ 25 ਸਾਲਾਂ ਵਿਚ ਸੂਬੇ ਦੇ ਮਿਹਨਤੀ ਤੇ ਨਿਮਰ ਲੋਕਾਂ ਨੇ ਆਧੁਨਿਕ ਵਿਕਾਸ ਦੇ ਨਵੇਂ ਆਯਾਮ ਪੈਦਾ ਕੀਤੇ ਨੇ। ਉਨ੍ਹਾਂ ਨੇ ਉੱਤਰਾਖੰਡ ਦੇ ਲੋਕਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਇਕ ਸੋਸ਼ਲ ਮੀਡੀਆ ਪੋਸਟ ਵਿਚ ਸ੍ਰੀ ਮੋਦੀ ਨੇ ਕਿਹਾ ਕਿ ਕੁਦਰਤ ਦੀ ਗੋਦ ਵਿਚ ਵਸੀ ਇਹ ਧਰਤੀ, ਅੱਜ ਸੈਰ-ਸਪਾਟੇ ਦੇ ਨਾਲ-ਨਾਲ ਹਰ ਖੇਤਰ ਵਿਚ ਤਰੱਕੀ ਦੀ ਨਵੀਂ ਰਫ਼ਤਾਰ ਪ੍ਰਾਪਤ ਕਰ ਰਹੀ ਏ।

ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਇਕ ਸੋਸ਼ਲ ਮੀਡੀਆ ਪੋਸਟ ਵਿਚ ਕਿਹਾ ਏ ਕਿ ਅਧਿਆਤਮਕ ਵਿਰਾਸਤ, ਸੱਭਿਆਚਾਰਕ ਸ਼ਾਨ ਤੇ ਕੁਦਰਤੀ ਸੁੰਦਰਤਾ ਨਾਲ ਭਰੀ ਇਹ ਧਰਤੀ, ਪੂਰੇ ਦੇਸ਼ ਲਈ ਵਿਸ਼ਵਾਸ ਦਾ ਕੇਂਦਰ ਏ। ਰੱਖਿਆ ਮੰਤਰੀ ਰਾਜਨਾਥ ਸਿੰਘ, ਸਿਹਤ ਮੰਤਰੀ ਜਗਤ ਪ੍ਰਕਾਸ਼ ਨੱਡਾ ਤੇ ਹੋਰ ਮੰਤਰੀਆਂ ਨੇ ਵੀ ਉੱਤਰਾਖੰਡ ਦੇ ਲੋਕਾਂ ਨੂੰ ਇਸ ਦੇ ਸਿਲਵਰ ਜੁਬਲੀ ਸਮਾਰੋਹਾਂ ਮੌਕੇ ਵਧਾਈਆਂ ਦਿੱਤੀਆਂ ਨੇ।

-----------------------------------------------------

ਚੋਣ ਕਮਿਸ਼ਨ ਨੇ ਸੁਰਿੰਦਰ ਲਾਂਬਾਂ ਨੂੰ ਤਰਨਤਾਰਨ ਦਾ ਨਵਾਂ ਐੱਸ.ਐੱਸ.ਪੀ. ਨਿਯੁਕਤ ਕੀਤਾ ਏ । ਜ਼ਿਕਰਯੋਗ ਏ ਕਿ ਚੋਣ ਕਮਿਸ਼ਨ ਨੇ ਬੀਤੇ ਦਿਨੀਂ ਤਰਨਤਾਰਨ ਦੀ ਐੱਸ.ਐੱਸ.ਪੀ. ਡਾ. ਰਵਜੋਤ ਕੌਰ ਗਰੇਵਾਲ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰਨ ਦੇ ਨਿਰਦੇਸ਼ ਦਿੱਤੇ ਸਨ। ਇਸ ਤੋਂ ਪਹਿਲਾ, ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੂੰ ਐੱਸ.ਐੱਸ.ਪੀ. ਤਰਨਤਾਰਨ ਦਾ ਵਾਧੂ ਚਾਰਜ ਦਿੱਤਾ ਗਿਆ ਸੀ । ਤਰਨਤਾਰਨ ਵਿਚ 11 ਤਰੀਕ ਨੂੰ ਵਿਧਾਨ ਸਭਾ ਜ਼ਿਮਨੀ ਚੋਣ ਹੋਣੀ ਏ।

-----------------------------------------------------

ਦੇਸ਼ ਆਪਣੇ ਰਾਸ਼ਟਰੀ ਗੀਤ, ਵੰਦੇ ਮਾਤਰਮ ਦੀ 150ਵੀਂ ਵਰ੍ਹੇਗੰਢ ਮਨਾ ਰਿਹਾ ਏ। ਇਕ ਅਜਿਹਾ ਗੀਤ, ਜਿਸ ਨੇ ਪੀੜ੍ਹੀਆਂ ਤੋਂ ਭਾਰਤੀਆਂ ਨੂੰ ਇੱਕਜੁੱਟ ਹੋਣ ਤੇ ਰਾਸ਼ਟਰ ਦੀ ਭਾਵਨਾ ਦਾ ਜਸ਼ਨ ਮਨਾਉਣ ਲਈ ਪ੍ਰੇਰਿਤ ਕੀਤਾ ਏ। ਅੱਜ, ਅਸੀਂ ਗੱਲ ਕਰਦੇ ਹਾਂ ਕਿ ਕਿਵੇਂ ਵੰਦੇ ਮਾਤਰਮ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਨੂੰ ਚਿੰਗਾਰੀ ਲਾਈ -

*ਇਕ ਰਿਪੋਰਟ :*

*ਵੰਦੇ ਮਾਤਰਮ ਗੀਤ ਦਾ ਜਨੂੰਨ 1905 ਵਿਚ ਜੀਵੰਤ ਹੋਇਆ, ਉਹ ਸਾਲ ਜਦੋਂ ਬਰਤਾਨਵੀ ਹਕੂਮਤ ਨੇ ਬੰਗਾਲ ਨੂੰ ਵੰਡਣ ਦੀ ਕੋਸ਼ਿਸ਼ ਕੀਤੀ ਸੀ। ਇਸ ਸਮੇਂ ਦੌਰਾਨ, ਸਵਦੇਸ਼ੀ ਅੰਦੋਲਨ ਸ਼ੁਰੂ ਹੋਇਆ, ਜਿਸ ਵਿਚ ਵੰਦੇ ਮਾਤਰਮ ਸਭ ਤੋਂ ਪ੍ਰਮੁੱਖ ਤੇ ਏਕਤਾ ਵਾਲੇ ਨਾਅਰੇ ਵਜੋਂ ਉਭਰਿਆ, ਜੋ ਗਲੀਆਂ, ਸਕੂਲਾਂ ਤੇ ਆਜ਼ਾਦੀ ਲਈ ਸੰਘਰਸ਼ ਕਰਨ ਵਾਲਿਆਂ ਦੇ ਦਿਲਾਂ ਵਿਚ ਗੂੰਜਦਾ ਰਿਹਾ। ਵੰਦੇ ਮਾਤਰਮ ਅਜਿਹਾ ਨਾਅਰਾ ਸੀ ਜੋ ਆਜ਼ਾਦੀ ਲਈ ਲੜ੍ਹਨ ਵਾਲਿਆਂ ਨੂੰ ਇਕਜੁੱਟ ਕਰਦਾ ਸੀ, ਜਿਸ ਨਾਲ ਇਹ ਭਾਰਤ ਦੇ ਆਜ਼ਾਦੀ ਸੰਗਰਾਮ ਦੀ ਧੜਕਣ ਬਣ ਗਿਆ। ਅਰਬਿੰਦੋ ਘੋਸ਼, ਰਬਿੰਦਰਨਾਥ ਟੈਗੋਰ ਤੇ ਲਾਲਾ ਲਾਜਪਤ ਰਾਏ ਵਰਗੇ ਮਹਾਨ ਦੂਰਅੰਦੇਸ਼ ਆਜ਼ਾਦੀ ਘੁਲਾਟੀਆਂ ਨੇ ਭਾਰਤ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਕਜੁੱਟ ਹੋ ਕੇ ਆਪਣੀ ਆਵਾਜ਼ ਬੁਲੰਦ ਕਰਨ ਤੇ ਆਜ਼ਾਦੀ ਅਤੇ ਵਿਸ਼ਵਾਸ ਲਈ ਇਕ ਨਾਅਰੇ ਵਜੋਂ, ਵੰਦੇ ਮਾਤਰਮ ਦੀ ਵਰਤੋਂ ਕਰਨ। ਵੰਦੇ ਮਾਤਰਮ ਗਾਉਣਾ, ਸਿਰਫ਼ ਇਕ ਸਿਆਸੀ ਕਾਰਵਾਈ ਨਹੀਂ ਸੀ, ਸਗੋਂ ਪਵਿੱਤਰ ਪ੍ਰਾਰਥਨਾ ਅਤੇ ਅਧਿਆਤਮਕ ਸਬੰਧ ਸੀ, ਜੋ ਇਲਾਕਿਆਂ ਅਤੇ ਧਰਮਾਂ ਤੋਂ ਪਰ੍ਹੇ, ਦਿਲਾਂ ਨੂੰ ਇਕਜੁੱਟ ਕਰਦਾ ਸੀ ਤ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਕਜੁੱਟ ਹੋ ਕੇ ਆਪਣੀ ਆਵਾਜ਼ ਬੁਲੰਦ ਕਰਨ ਤੇ ਆਜ਼ਾਦੀ ਅਤੇ ਹਰੇਕ ਭਾਰਤੀ ਨੂੰ ਇਕ ਸਾਂਝੀ ਪਛਾਣ ਤੇ ਉਦੇਸ਼ ਨਾਲ ਜੋੜਦਾ ਸੀ। ਬਿਊਰੋ ਰਿਪੋਰਟ ਨਾਲ ਜਲੰਧਰ ਤੋਂ ਆਕਾਸ਼ਵਾਣੀ ਖ਼ਬਰਾਂ ਲਈ ਮੈਂ ਕਾਜਲ।*

--------------------------------------------------------------------------------

ਪੰਜਾਬ ਦੇ ਭਾਰਤ-ਪਾਕਿਸਤਾਨ ਸਰਹੱਦੀ ਖੇਤਰ ਤੋਂ 2021 ਵਿਚ ਹੈਰੋਇਨ ਜ਼ਬਤ ਕਰਨ ਦੇ ਮਾਮਲੇ ਵਿਚ ਨਾਰਕੋਟਿਕਸ ਕੰਟਰੋਲ ਬਿਊਰੋ (NCB) ਚੰਡੀਗੜ੍ਹ ਨੇ ਇਕ ਨਸ਼ਾ ਤਸਕਰ ਨੂੰ ਦੋਸ਼ੀ ਠਹਿਰਾਇਆ ਏ।

ਸਰਹੱਦ ਪਾਰ ਨਸ਼ੀਲੇ ਪਦਾਰਥਾਂ ਦੀ ਤਸਕਰੀ 'ਤੇ ਸਖ਼ਤ ਕਾਰਵਾਈ ਨੂੰ ਮਜ਼ਬੂਤ ਕਰਦੇ ਹੋਏ ਫਾਜ਼ਿਲਕਾ ਦੀ ਵਿਸ਼ੇਸ਼ ਐੱਨ.ਡੀ.ਪੀ.ਐੱਸ. ਅਦਾਲਤ ਨੇ ਫਾਜ਼ਿਲਕਾ ਦੇ ਕੋਠਾ ਪਿੰਡ ਦੇ ਰਹਿਣ ਵਾਲੇ ਗੁਰਪ੍ਰੀਤ ਸਿੰਘ ਨੂੰ ਦੋਸ਼ੀ ਠਹਿਰਾਇਆ ਤੇ NDPS ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਉਸ ਨੂੰ 12 ਸਾਲ ਦੀ ਸਖ਼ਤ ਕੈਦ ਦੀ ਸਜ਼ਾ ਤੋਂ ਇਲਾਵਾ ਡੇਢ ਲੱਖ ਰੁਪਏ ਜੁਰਮਾਨਾ ਕੀਤਾ ਏ।

---------------------------------------------------------------------------------

ਪੰਜਾਬ ਦੇ ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਏ ਕਿ ਚਾਲੂ ਵਿੱਤੀ ਸਾਲ ਦੌਰਾਨ ਵੱਖ-ਵੱਖ ਸਮਾਜਿਕ ਸੁਰੱਖਿਆ ਸਕੀਮਾਂ ਤਹਿਤ ਹੁਣ ਤੱਕ 3624 ਕਰੋੜ ਰੁਪਏ ਤੋਂ ਵੱਧ ਦੀ ਰਕਮ ਜਾਰੀ ਕੀਤੀ ਜਾ ਚੁੱਕੀ ਏ। ਉਨ੍ਹਾਂ ਦੱਸਿਆ ਕਿ ਬੁਢਾਪਾ ਪੈਨਸ਼ਨ ਸਕੀਮ ਤਹਿਤ ਹੁਣ ਤੱਕ 2400 ਕਰੋੜ ਰੁਪਏ ਤੋਂ ਵੱਧ ਦੀ ਰਕਮ ਜਾਰੀ ਹੋ ਚੁੱਕੀ ਏ। ਵਿਧਵਾ ਤੇ ਨਿਆਸਰਾ ਔਰਤਾਂ ਨੂੰ ਵਿੱਤੀ ਸਹਾਇਤਾ ਵਜੋਂ 693 ਕਰੋੜ ਰੁਪਏ ਤੋਂ ਵੱਧ, ਆਸ਼ਰਿਤ ਬੱਚਿਆਂ ਨੂੰ 242.77 ਕਰੋੜ ਰੁਪਏ ਤੇ ਦਿਵਿਆਂਗ ਵਿਅਕਤੀਆਂ ਨੂੰ 287 ਕਰੋੜ 95 ਲੱਖ ਰੁਪਏ ਜਾਰੀ ਕੀਤੇ ਗਏ ਨੇ।

--------------------------------------------------------------

ਭਾਰਤ ਦੀ 16 ਮੈਂਬਰੀ ਤੀਰਅੰਦਾਜ਼ੀ ਟੀਮ 9 ਤੋਂ 14 ਨਵੰਬਰ ਤੱਕ ਬੰਗਲਾਦੇਸ਼ ਦੇ ਢਾਕਾ ਵਿਚ ਹੋਣ ਵਾਲੀ ਏਸ਼ੀਅਨ ਤੀਰਅੰਦਾਜ਼ੀ ਚੈਂਪੀਅਨਸ਼ਿਪ ਵਿਚ ਹਿੱਸਾ ਲਵੇਗੀ। ਅਭਿਸ਼ੇਕ ਵਰਮਾ ਤੇ ਪ੍ਰਥਮੇਸ਼ ਜਾਵੇਕਰ ਕੰਪਾਊਂਡ ਪੁਰਸ਼ ਟੀਮ ਦੀ ਅਗਵਾਈ ਕਰਨਗੇ, ਜਦੋਂਕਿ ਦੀਪਿਕਾ ਕੁਮਾਰੀ ਮਹਿਲਾ ਟੀਮ ਦੀ ਅਗਵਾਈ ਕਰੇਗੀ। ਭਾਰਤ ਦੇ ਰਿਕਰਵ ਤੀਰਅੰਦਾਜ਼ ਦੱਖਣੀ ਕੋਰੀਆ ਦੇ ਦਬਦਬੇ ਨੂੰ ਤੋੜਨ ਤੇ ਆਪਣਾ ਪਹਿਲਾ ਵਿਅਕਤੀਗਤ ਸੋਨ ਤਮਗਾ ਜਿੱਤਣ ਦੀ ਕੋਸ਼ਿਸ਼ ਕਰਨਗੇ।